**REVISED**

DPISE-SCLR0GENL/49/2021-SCHOLARSHIP-DPISE/242020

2021/348804

# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ ਨਗਰ

ਪੰਜਵੀ ਮੰਜਿਲ, ਈ-ਬਲਾਕ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ-8 ਐਸ.ਏ.ਐਸ ਨਗਰ ।

(ਵਜ਼ੀਫਾ ਸ਼ਾਖਾ)

ਵੱਲ-

ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ),
ਪੰਜਾਬ ਰਾਜ
ਮਿਤੀ, ਐਸ.ਏ.ਐਸ ਨਗਰ – 21.10.2021

ਵਿਸ਼ਾ - ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਸਾਲ 2021-22 ਦੇ ਵਿਦਿਆਰਥੀਆਂ ਦੀ ਫੀਸਾਂ ਦੀ ਕੈਪਿੰਗ ਸਬੰਧੀ ।

1.0 ਸ਼ੈਸਨ ਸਾਲ 2021-22 ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਐਸ.ਸੀ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਓ.ਬੀ.ਸੀ ਅਧੀਨ, +1 ਅਤੇ +2 ਜਮਾਤ ਦੇ ਵਿਦਿਆਰਥੀਆਂ ਨੂੰ ਡਾ. ਅੰਬੇਦਕਰ ਪੋਰਟਲ ਤੇ ਅਪਲਾਈ ਕਰਵਾਇਆ ਜਾ ਰਿਹਾ ਹੈ ।

2.0 ਸ਼ੈਸ਼ਨ 2021-22 ਦੌਰਾਨ, ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਦੀ ਕੈਪਿੰਗ ਇਸ ਸਾਲ ਵੀ ਪਿਛਲੇ ਸਾਲ ਦੀ ਤਰ੍ਹਾਂ ਹੀ ਕੀਤੀ ਜਾਂਦੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ | ਕਲਾਸ | ਸੰਸਥਾ | ਫੀਸ ਅਤੇ ਫੰਡਾਂ ਦੀ ਕੈਪਿੰਗ (ਸਲਾਨਾ) |
|---|---|---|---|
| 1 | 11ਵੀਂ | ਸਰਕਾਰੀ | 1624/- |
| 2 | 12ਵੀਂ | ਸਰਕਾਰੀ | 3364/- |
| 3 | 11ਵੀਂ ਅਤੇ 12ਵੀਂ | ਪ੍ਰਾਈਵੇਟ | 12000/- |

3.0 ਸਮੂਹ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ ਕਿ, ਵਿਦਿਆਰਥੀਆਂ ਤੋਂ ਜੋ ਅਸਲ ਫੀਸਾਂ/ਫੰਡ ਵਸੂਲ ਕੀਤੇ ਜਾਣੇ ਹਨ, ਉਹੀ ਫੀਸਾਂ/ਫੰਡ ਪੋਰਟਲ ਤੇ ਅਪਲੋਡ ਕੀਤੇ ਜਾਣੇ ਯਕੀਨੀ ਬਣਾਏ ਜਾਣ । ਅਸਲ ਫੀਸਾਂ/ਫੰਡ ਪੋਰਟਲ ਤੇ ਅਪਲੋਡ ਕਰਨ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ।

4.0 ਇਹ ਪੱਤਰ ਮਾਨਯੋਗ ਸੱਕਤਰ ਸਕੂਲ ਸਿੱਖਿਆ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ ।

ਸਹਾਇਕ ਡਾਇਰੈਕਟਰ ਵਜੀਫਾ

ਪਿੱਠ ਅੰਕਣ ਨੰ – ਉਕਤ/2021 ਮਿਤੀ,ਐਸ.ਏ.ਐਸ ਨਗਰ – 21.10.2021

ਉਪਰੋਕਤ ਦਾ ਉਤਾਰਾ ਦਫਤਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸਹਾਇਕ ਡਾਇਰੈਕਟਰ ਵਜੀਫਾ